final

EVS- 3

ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ ਪੱਤਰ- ਮਾਰਚ 2020

ਜਮਾਤ ਪੰਜਵੀਂ

ਵਿਸ਼ਾ ਵਾਤਾਵਰਨ ਸਿੱਖਿਆ

ਵਿਦਿਆਰਥੀ ਦਾ ਨਾਂ.................. | **ਰੋਲ ਨੰ. ......**

ਜਮਾਤ.............. | **ਮਿਤੀ ....**

ਸਮਾਂ: 3 ਘੰਟੇ | **ਕੁੱਲ ਅੰਕ: 80**

1.ਸਹੀ ਉੱਤਰ ਅੱਗੇ ਸਹੀ ਦਾ ਨਿਸ਼ਾਨ (✓) ਲਗਾਓ **ਅੰਕ 16×1=16**

1) ਪੁੱਠ ਕੰਡੇ ਦਾ ਬੀਜ ਇੱਕ ਥਾਂ ਤੋਂ ਦੂਜੀ ਥਾਂ 'ਤੇ ਕਿਵੇਂ ਪਹੁੰਚਦਾ ਹੈ?

ੳ) ਪੰਛੀਆਂ ਰਾਹੀਂ ਅ) ਜਾਨਵਰਾਂ ਦੇ ਸਰੀਰ ਨਾਲ ਚਿੰਬੜ ਕੇ ੲ) ਹਵਾ ਰਾਹੀਂ ਉੱਡ ਕੇ

ਸ) ਪਾਣੀ ਰਾਹੀਂ

2) ਜਿਸ ਤਰ੍ਹਾਂ ਸ਼ਕਰਕੰਦ ਜੜ੍ਹ ਤੋਂ ਉੱਗਾਈ ਜਾਂਦੀ ਹੈ। ਉਸੇ ਤਰ੍ਹਾਂ .....

ੳ) ਪੱਥਰ ਚੱਟ ਪੱਤੇ ਤੋਂ ਉੱਗਦਾ ਹੈ। ਅ) ਕਣਕ ਦਾ ਪੌਦਾ ਕਲਮ ਤੋਂ ਉੱਗਦਾ ਹੈ।

ੲ) ਗੁਲਾਬ ਦਾ ਪੌਦਾ ਬੀਜ ਤੋਂ ਉੱਗਦਾ ਹੈ। ਸ) ਸਰ੍ਹੋਂ ਦਾ ਪੌਦਾ ਪੱਤੇ ਤੋਂ ਉੱਗਦਾ ਹੈ।

3) ਇੱਕ ਬੱਚੇ ਦੀਆਂ ਹੱਡੀਆਂ ਕੁਝ ਤੱਤਾਂ ਦੀ ਕਮੀ ਕਾਰਨ ਟੇਡੀਆਂ ਅਤੇ ਕਮਜ਼ੋਰ ਸਨ। ਉਸ ਨੂੰ ਕਿਹੜਾ ਰੋਗ ਹੋ ਸਕਦਾ ਹੈ?

ੳ) ਗਿੱਲੜ ਅ) ਅਨੀਮੀਆਂ ੲ) ਰਿਕੇਟਸ ਸ) ਸਕਰਵੀ

4) ਜੇਕਰ ਕੋਈ ਬੱਚਾ ਬਿਮਾਰ ਹੋ ਜਾਵੇ, ਤਾਂ ਉਸ ਨੂੰ ਤੁਰੰਤ......... ਤੋਂ ਇਲਾਜ ਕਰਵਾਉਣਾ ਚਾਹੀਦਾ ਹੈ।

ੳ) ਡਾਕੀਏ ਤੋਂ ਅ) ਅਧਿਆਪਕ ਤੋਂ ੲ) ਮੋਚੀ ਤੋਂ ਸ) ਡਾਕਟਰ ਤੋਂ

5) ਭੋਜਨ ਲੜੀ ਦੀ ਤਸਵੀਰ ਦੇਖ ਕੇ ਸਹੀ ਕਥਨ 'ਤੇ ਸਹੀ ਦਾ ਨਿਸ਼ਾਨ ਲਗਾਓ:



ੳ) ਬਾਜ ਘਾਹ ਖਾਂਦਾ ਹੈ ਅ) ਖਰਗੋਸ਼ ਬਾਜ ਨੂੰ ਖਾਂਦਾ ਹੈ ੲ) ਖਰਗੋਸ਼ ਘਾਹ ਖਾਂਦਾ ਹੈ

ਸ) ਘਾਹ ਖਰਗੋਸ਼ ਨੂੰ ਖਾਂਦਾ ਹੈ

6) ਭੋਜਨ ਲੜੀਆਂ ਆਪਸ ਵਿੱਚ ਮਿਲ ਕੇ ....ਬਣਾਉਂਦੀਆਂ ਹਨ।

ੳ) ਜੰਗਲ ਅ) ਮਿਸ਼ਰਣ ੲ) ਭੋਜਨ ਜਾਲ ਸ) ਜੰਤੂਆਂ ਦਾ ਸਮੂਹ

7) ਮਗਰਮੱਛ ਧਰਤੀ 'ਤੇ ਵੀ ਰਹਿ ਲੈਂਦਾ ਹੈ ਅਤੇ ਪਾਣੀ ਵਿੱਚ ਵੀ, ਇਸ ਲਈ ਉਹ...... ਜੀਵ ਹੈ।

ੳ) ਜਲੀ ਅ) ਥਲੀ ੲ) ਜਲਥਲੀ ਸ) ਭੱਦਾ

8) ਕਮਲ ਦਾ ਪੱਤਾ ਕਿਹੋ ਜਿਹਾ ਹੁੰਦਾ ਹੈ ?

ੳ)ਤਿਕੋਣ ਵਰਗਾ ਅ) ਰੋਟੀ ਵਾਂਗ ਗੋਲ ੲ) ਡੱਬੇ ਵਾਂਗ ਚੌਰਸ

ਸ) ਧਾਗੇ ਵਰਗਾ

9) ਹੇਠ ਲਿਖਿਆਂ ਵਿੱਚੋਂ ਕਿਹੜਾ ਨਵਿਆਉਣਯੋਗ ਕੁਦਰਤੀ ਸ੍ਰੋਤ ਹੈ ?

ੳ) ਕੋਲਾ ਅ) ਹਵਾ ੲ) ਪੈਟਰੋਲ

ਸ) ਰਸੋਈ ਗੈਸ

10) ਘਰਾਂ ਵਿੱਚ ਕਣਕ ਤੋਂ ਇਲਾਵਾ ਸਰਦੀ ਵਿੱਚ ਹੋਰ ਵੀ ਕਿਸੇ ਅਨਾਜ ਦੀ ਰੋਟੀ ਬਣਾਈ ਜਾਂਦੀ ਹੈ। ਉਹ ਹੇਠ ਲਿਖਿਆਂ ਵਿੱਚੋਂ ਕਿਹੜਾ ਹੋ ਸਕਦਾ ਹੈ ?

ੳ) ਜਵਾਰ ਅ) ਮੱਕੀ ੲ) ਚੌਲ ਸ) ਉਪਰੋਕਤ ਵਿੱਚੋਂ ਕੋਈ ਨਹੀ

11) ਫਸਲ ਪੱਕਣ ਦੀ ਖੁਸ਼ੀ ਵਿੱਚ ਪੰਜਾਬ ਵਿੱਚ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ?

ੳ) ਦੀਵਾਲੀ ਅ) ਰੱਖੜੀ ੲ) ਦੁਸਹਿਰਾ ਸ) ਵਿਸਾਖੀ

12) ਏ.ਟੀ.ਐੱਮ. ਦਾ ਸਬੰਧ ਕਿਸ ਨਾਲ ਹੈ?

ੳ) ਸਕੂਲ ਨਾਲ ਅ) ਹਸਪਤਾਲ ਨਾਲ ੲ) ਬੈਂਕ ਨਾਲ

ਸ) ਉਪਰੋਕਤ ਸਭ ਨਾਲ

13) ਅਸੀਂ ਕੰਪਿਊਟਰ ਦੀ ਮਦਦ ਨਾਲ ਕਿਹੜਾ ਕੰਮ ਨਹੀਂ ਕਰ ਸਕਦੇ?

ੳ) ਸਾਮਾਨ ਖਰੀਦਣਾ ਵੇਚਣਾ ਅ) ਪੈਸਿਆਂ ਦਾ ਲੈਣ ਦੇਣ

ੲ) ਗਾਣੇ ਸੁਣਨਾ ਸ) ਪਾਣੀ ਪੀਣਾ

14)............. ਪਾਉਣ ਨਾਲ ਫ਼ਸਲਾਂ ਦੀ ਪੈਦਾਵਾਰ ਵੱਧਦੀ ਹੈ।

ੳ) ਮਿੱਟੀ ਅ) ਖਾਦ ੲ) ਪੱਥਰ ਸ) ਕੂੜਾ

15) ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਗ਼ਲਤ ਹੈ।

ੳ) ਵਿਟਾਮਿਨ ਸਾਨੂੰ ਬੀਮਾਰੀਆਂ ਤੋਂ ਬਚਾਉਂਦੇ ਹਨ।

ਅ) ਦੁੱਧ ਇੱਕ ਸੰਪੂਰਨ ਖ਼ੁਰਾਕ ਹੈ।

ੲ) ਚਾਵਲ ਅਤੇ ਕਣਕ ਵਿੱਚ ਵਿਟਾਮਿਨ ਹੁੰਦੇ ਹਨ।

ਸ) ਖੰਡ ਅਤੇ ਸਟਾਰਚ ਮੁੱਖ ਕਾਰਬੋਹਾਈਡ੍ਰੇਟਸ ਹਨ।

16) ਕਿਹੜਾ ਵਿਟਾਮਿਨ ਸੂਰਜ ਦੀ ਰੌਸ਼ਨੀ ਵਿੱਚੋਂ ਮਿਲਦਾ ਹੈ?

ੳ) ਏ ਅ) ਬੀ ੲ) ਸੀ ਸ) ਡੀ

2. ਛੋਟੇ ਉੱਤਰਾਂ ਵਾਲੇ ਪ੍ਰਸ਼ਨ: **ਅੰਕ 8×2=16**

1) ਸੜਕਾਂ ਦੇ ਕਿਨਾਰੇ ਬਣੇ ਤਰਪਾਲਾਂ, ਲੱਕੜਾਂ ਅਤੇ ਘਾਹ ਫੂਸ ਦੇ ਘਰਾਂ ਨੂੰ ਕੀ ਕਹਿੰਦੇ ਹਨ ?

....
....
....

2) ਤੁਸੀਂ ਆਪਣੇ ਦੰਦਾਂ ਦੀ ਸੰਭਾਲ ਲਈ ਕੀ ਕਰਦੇ ਹੋ? ਕੋਈ ਇੱਕ ਕੰਮ ਲਿਖੋ।

....
....
....

3) ਬਾਘ ਅਤੇ ਚੀਤੇ ਵਿੱਚ ਕੋਈ ਇੱਕ ਅੰਤਰ ਦੱਸੋ ?

....
....
....

4) ਕਿਹੜਾ ਪੌਦਾ ਕਲਮ ਲਗਾ ਕੇ ਉਗਾਇਆ ਜਾਂਦਾ ਹੈ ?

....
....
....

5) ਕੰਪਿਊਟਰ ਦੀ ਕੋਈ ਇੱਕ ਵਿਸ਼ੇਸ਼ਤਾ ਲਿਖੋ।

....
....
....

6) ਪਾਣੀ ਨੂੰ ਜ਼ੀਰੋ ਡਿਗਰੀ ਸੈਲਸੀਅਸ ਤੱਕ ਠੰਢਾ ਕੀਤਾ ਗਿਆ ਹੈ। ਦੱਸੋ ਪਾਣੀ ਵਿੱਚ ਕੀ ਤਬਦੀਲੀ ਆਵੇਗੀ?

....
....
....

7) ਸਭ ਤੋਂ ਵੱਡਾ ਸਮੁੰਦਰੀ ਜੀਵ ਕਿਹੜਾ ਹੈ?

....
....
....

8) ਤੁਸੀਂ ਵੱਡੇ ਹੋ ਕੇ ਕੀ ਬਣਨਾ ਚਾਹੋਗੇ?

....
....

3. ਖਾਲੀ ਥਾਵਾਂ ਭਰੋ : ਅੰਕ 4

(ਜੰਤੂਆਂ, ਮਿੱਠਾ, ਰੋਜ਼ਗਾਰ, ਬਰੇਲ)

1) ਬਿੱਲੀਆਂ ਨੂੰ.......... ਸਵਾਦ ਮਹਿਸੂਸ ਨਹੀਂ ਹੁੰਦਾ।

2) ਜੋਗੀ ਅਤੇ ਮਦਾਰੀ ਰੋਜ਼ੀ ਰੋਟੀ ਲਈ .... ਤੇ ਨਿਰਭਰ ਕਰਦੇ ਹਨ।

3) ਛੂਹ ਕੇ ਪੜ੍ਹਨ ਵਾਲੀ ਲਿੱਪੀ ਨੂੰ .... ਕਹਿੰਦੇ ਹਨ।

4) ਬਹੁਤ ਸਾਰੇ ਲੋਕਾਂ ਨੂੰ ....ਲਈ ਦੂਰ ਦੂਰ ਜਾਣਾ ਪੈਂਦਾ ਹੈ।

4. ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ : ਅੰਕ 4

1) ਬਾਘ ਮਨੁੱਖ ਨਾਲੋਂ ਛੇ ਗੁਣਾ ਵੱਧ ਦੇਖ ਸਕਦਾ ਹੈ। ☐

2) ਦੂਰਦਰਸ਼ਨ ਉੱਤੇ ਉਨ੍ਹਾਂ ਵਿਅਕਤੀਆਂ ਲਈ ਵੀ ਖ਼ਬਰਾਂ ਆਉਂਦੀਆਂ ਹਨ, ਜੋ ਬੋਲ ਸੁਣ ਨਹੀਂ ਸਕਦੇ। ☐

3) ਹੁਣ ਔਰਤਾਂ ਵੀ ਮਰਦਾਂ ਵਾਂਗ ਵੱਡੇ-ਵੱਡੇ ਕਾਰੋਬਾਰ ਕਰਨ ਲੱਗੀਆਂ ਹਨ। ☐

4) ਜਾਤ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਖੂਹ ਤੋਂ ਪਾਣੀ ਲੈਣ ਤੋਂ ਰੋਕ ਦੇਣਾ ਚਾਹੀਦਾ ਹੈ। ☐

5. ਮਿਲਾਨ ਕਰੋ ਅੰਕ 4

ਪੀ.ਟੀ. ਊਸ਼ਾ	ਹਾਕੀ ਦਾ ਜਾਦੂਗਰ
ਸਚਿਨ ਤੇਂਦੁਲਕਰ	ਉੱਡਣ ਪਰੀ
ਮੇਜਰ ਧਿਆਨ ਚੰਦ	ਭਾਰ ਤੋਲਕ
ਕਰਣਮ ਮਲੇਸ਼ਵਰੀ	ਮਾਸਟਰ ਬਲਾਸਟਰ

6. ਦਿੱਤੇ ਖਾਕੇ ਵਿੱਚ ਖਾਲੀ ਖਾਨੇ ਭਰੋ: ਅੰਕ 4

EVS-5

7. ਕੋਈ ਅੱਠ ਪ੍ਰਸ਼ਨਾਂ ਦੇ ਉੱਤਰ ਦਿਓ ਅੰਕ 8×4=32

1)ਭੋਜਨ ਪਦਾਰਥਾਂ ਦੀ ਵਧੇਰੇ ਸਮੇਂ ਲਈ ਸਾਂਭ-ਸੰਭਾਲ ਦੇ ਤਰੀਕੇ ਦੱਸੋ :

ਭੋਜਨ	ਸਾਂਭ-ਸੰਭਾਲ ਦਾ ਤਰੀਕਾ
ਦੁੱਧ	
ਆਂਵਲਾ	
ਮੇਥੀ	
ਕਣਕ	

2) ਤਸਵੀਰਾਂ ਪਹਿਚਾਣੋ ਅਤੇ ਨਾਮ ਲਿਖੋ:



....

3)ਪੰਜਾਬ ਦੇ ਨਕਸ਼ੇ ਵਿੱਚ ਕੋਈ ਚਾਰ ਜ਼ਿਲ੍ਹਿਆਂ ਦੇ ਨਾਮ ਭਰੋ:



4) ਤੁਸੀਂ ਆਪਣੇ ਦਾਦਾ-ਦਾਦੀ ਜੀ ਤੋਂ ਉਨ੍ਹਾਂ ਦੇ ਸਮੇਂ ਵਰਤੇ ਜਾਣ ਵਾਲੇ ਖਿਡੌਣਿਆਂ ਅਤੇ ਕੱਪੜਿਆਂ ਬਾਰੇ ਜਾਣਕਾਰੀ ਲੈਣੀ ਹੈ। ਇਸ ਲਈ ਤੁਸੀਂ ਉਨ੍ਹਾਂ ਤੋਂ ਕਿਹੋ-ਜਿਹੇ ਪ੍ਰਸ਼ਨ ਪੁੱਛੋਗੇ?

ਸੋਚੋ ਅਤੇ ਕੋਈ ਦੋ ਪ੍ਰਸ਼ਨ ਲਿਖੋ::

....

ੳ)..

....

....

....

ਅ)..

EVS 6

....
....
....

5) ਤੁਹਾਡੀ ਜਮਾਤ ਦੇ ਅਧਿਆਪਕ ਨੇ ਇੱਕ ਗਲਾਸ ਵਿੱਚ ਅੱਧਾ ਹਿੱਸਾ ਪਾਣੀ ਪਾ ਕੇ ਉਸ ਵਿੱਚ ਕੁਝ ਬਰਫ਼ ਦੇ ਟੁਕੜੇ ਪਾ ਦਿੱਤੇ। ਕੁਝ ਸਮੇਂ ਬਾਅਦ ਗਲਾਸ ਦੇ ਬਾਹਰ ਪਾਣੀ ਦੀਆਂ ਬੂੰਦਾਂ ਨਜ਼ਰ ਆਉਣ ਲੱਗੀਆਂ। ਦੱਸੋ ਪਾਣੀ ਦੀਆਂ ਬੂੰਦਾਂ ਕਿੱਥੋਂ ਆਈਆਂ?

....
....
....
....
....
....
....
....
....

6) ਸਾਨੂੰ ਜਾਨਵਰਾਂ ਦੀਆਂ ਕਿਹੜੀਆਂ ਜ਼ਰੂਰਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

....
....
....
....
....
....
....
....
....

7) ਤੁਹਾਡੇ ਗੁਆਂਢ ਵਿੱਚ ਕਿਹੜੀਆਂ-ਕਿਹੜੀਆਂ ਸਾਂਝੀਆਂ ਥਾਵਾਂ ਹਨ ਅਤੇ ਲੋਕ ਉਨ੍ਹਾਂ ਦੀ ਕਿਹੜੇ ਕਾਰਜਾਂ ਲਈ ਵਰਤੋਂ ਕਰਦੇ ਹਨ?

ਸਾਂਝੀਆਂ ਥਾਵਾਂ	ਜਿਹੜੇ ਕਾਰਜਾਂ ਲਈ ਵਰਤੋਂ ਕਰਦੇ ਹਨ

8) ਜੰਗਲਾਂ ਨੂੰ ਬਚਾਉਣ ਲਈ ਅਸੀਂ ਕੀ ਕਰ ਸਕਦੇ ਹਾਂ?

9) ਪਰਵਾਸੀ ਲੋਕਾਂ ਦੇ ਬੱਚਿਆਂ ਨੂੰ ਪੜ੍ਹਨ ਵਿੱਚ ਮੁਸ਼ਕਲ ਕਿਉਂ ਆਉਂਦੀ ਹੈ?

10) ਦੀਵਾਲੀ ਸਮੇਂ ਪਟਾਕੇ ਚਲਾਉਣ ਦੇ ਮਾੜੇ ਪ੍ਰਭਾਵਾਂ 'ਤੇ ਚਰਚਾ ਕਰੋ।